SAF Social Axiom Foundation

ਚਿਲਡਰਨ ਅਗੇਂਸਟ ਚਾਇਲਡ ਅਬਿਊਜ਼

# ਪ੍ਰੋਜੈਕਟ CACA (ਕਾਕਾ)

## ਸਪੋਰਟ - ਸਟਾਫ ਬੁੱਕਲੈਟ

ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਦੁਰਵਿਹਾਰ ਦੇ ਵਿਰੁੱਧ ਸ਼ਕਤੀਸ਼ਾਲੀ ਬਣਾਉਣ ਅਤੇ ਬੱਚਿਆਂ ਨੂੰ ਖੁਸ਼, ਸਿਹਤਮੰਦ ਅਤੇ ਸੁਰੱਖਿਅਤ ਰੱਖਣ ਲਈ।




PUN



ਇਹ ਬੁੱਕਲੇਟ ਅੰਗਰੇਜ਼ੀ, ਹਿੰਦੀ ਅਤੇ ਖੇਤਰੀ ਭਾਸ਼ਾਵਾਂ ਵਿੱਚ www.projectcaca.org ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਪਾਰਟਨਰ

CSJ | Fortis | edusynergies

ਵੱਖ - ਵੱਖ ਸਟੇਟ ਲੀਗਲ ਸਰਵਿਸਿਜ਼ ਅਥਾਰਟੀਜ਼ - (SLSA) ਅਤੇ ਸਟੇਟ ਕਮੀਸ਼ਨ ਪ੍ਰੋਟੈਕਸ਼ਨ ਫਾਰ ਚਾਇਲਡ ਰਾਇਟਸ - (SCPCR)ਦੇ ਸਹਿਯੋਗ ਨਾਲ।

*RED-PUN-01*

www.projectcaca.org

# ਇੰਡੈਕਸ


1. ਇਸ ਸਹਿਯੋਗੀ ਬੁਕਲੇਟ ਨੂੰ ਕੌਣ ਪੜ ਸਕਦਾ ਹੈ? 01
2. ਸਕੂਲ ਦੀ ਸੇਫਟੀ ਪਾਲਿਸੀ 01
3. (CACA)(ਕਾਕਾ ਸੇਫਟੀ ਵਰਕਬੁੱਕਸ) 02
4. ਬੱਚਿਆਂ ਦੇ ਅਧਿਕਾਰ 03
5. ਕਮੀਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਇਲਡ ਰਾਇਟਸ ਐਕਟ 03
6. ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ)ਐਕਟ – JJ ਐਕਟ 04
7. ਪ੍ਰੋਟੈਕਸ਼ਨ ਆਫ ਚਿਲਡਰਨ ਫਰੋਮ ਸੈਕਸ਼ੁਅਲ ਔਫੈਂਸਜ਼ ਐਕਟ – POCSO (ਪੋਕਸੋ) 06
8. POCSO (ਪੋਕਸੋ) ਈ– ਬਾਕਸ 09
9. ਨੈਸ਼ਨਲ ਸੈਕਸ ਔਫੈਂਡਰ ਰਜਿਸਟਰੀ – NDSO 10
10. ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ – NALSA 11
11. CACA (ਕਾਕਾ) ਦੇ ਸੇਫਟੀ ਵਰਬੁੱਕਸ ਵਿੱਚ ਸ਼ਾਮਲ ਸਰਕਾਰੀ ਲੋਗੋਜ਼/ਪਾਲਸੀਆਂ/ਸਕੀਮਜ਼ 12



ਪਬਲਿਸ਼ਡ ਬਾਏ: ਐਡੁਸੈਨਰਜੀਜ਼ ਫਾਰ ਸੋਸ਼ਲ ਐਕਸੀਓਮ ਫਾਂਊਡੇਸ਼ਨ (SAF)
ਪਰਿੰਟਡ ਬਾਏ: ਰੈਪਰੋ ਇੰਡੀਆਂ ਲਿਮਟਡ


ਡਿਸਕਲੇਮਰ – ਇਹ ਬੁੱਕਲੇਟ ਕਿਸੇ ਯੋਗਤਾ ਪ੍ਰਾਪਤ ਮਾਹਰ ਦੀ ਸਲਾਹ ਦਾ ਬਦਲ ਨਹੀਂ ਹੈ। ਪਾਠਕਾਂ ਦੇ ਲਾਭ ਲਈ ਵੱਖੋ ਵੱਖਰੇ ਕਾਨੂੰਨਾਂ ਦੀ ਸਮਗਰੀ ਅਤੇ ਵਿਵਸਥਾਵਾਂ ਨੂੰ ਸਰਲ ਬਣਾਇਆ ਗਿਆ ਹੈ। ਇਹ ਬੁੱਕਲੇਟ ਕਿਸੇ ਵੀ ਕਾਨੂੰਨ ਦੀ ਥਾਂ ਨਹੀਂ ਲੈਂਦੀ।


© ਕਾਪੀਰਾਈਟ 2021, SAF ਸੋਸ਼ਲ ਐਕਸੀਓਮ ਫਾਂਊਂਡੇਸ਼ਨ। ਸਾਰੇ ਹੱਕ ਰਾਖਵੇਂ ਹਨ।

SAF Social Axiom Foundation

ਚਿਲਡਰਨ ਅਗੇਂਸਟ ਚਾਇਲਡ ਅਬਿਊਜ਼

## 1. ਇਸ ਸਹਿਯੋਗੀ ਬੁਕਲੇਟ ਨੂੰ ਕੌਣ ਪੜ ਸਕਦਾ ਹੈ?

ਬੁੱਕਲੇਟ ਸਕੂਲ ਸੇਫਟੀ ਪਾਲਿਸੀ ਦੇ ਤਹਿਤ ਬੱਚਿਆਂ ਨੂੰ ਪੜ੍ਹਾਈ ਜਾ ਰਹੀ CACA (ਕਾਕਾ)ਸੇਫਟੀ ਵਰਕਬੁੱਕਸ ਦੀ ਸਹਿਯੋਗੀ ਹੈ। ਵਰਕਬੁੱਕਸ ਪ੍ਰੋਜੈਕਟ ਦਾ ਕੇਂਦਰੀ ਹਿੱਸਾ ਹਨ, ਇਸ ਤੋਂ ਇਲਾਵਾ, ਪ੍ਰੋਜੈਕਟ ਸਕੂਲ ਦੇ ਅਧਿਆਪਕਾਂ, ਮਾਤਾ-ਪਿਤਾ ਅਤੇ ਸੁਪੋਰਟ-ਸਟਾਫ ਲਈ ਸਹਿਯੋਗੀ ਬੁੱਕਲੇਟ ਅਤੇ ਵਰਕਸ਼ਾਪਾਂ ਹਨ।ਸੇਫਟੀ ਵਰਕਬੁੱਕਸ ਸਾਡੇ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ (ਚਾਇਲਡ ਰਾਇਟਸ), ਲਿੰਗ ਸਮਾਨਤਾ ਅਤੇ ਬੱਚਿਆਂ ਨਾਲ ਬਦਸਲੂਕੀ ਬਾਰੇ ਸਿਖਾਉਂਦੀਆਂ ਹਨ।ਵਰਕਬੁੱਕਸ ਚਾਇਲਡ ਅਬਿਊਜ਼ ਦੀ ਰੋਕਥਾਮ 'ਤੇ ਕੇਂਦਰਤ ਹਨ। ਨਿੱਜੀ ਸੁਰੱਖਿਆ ਤੋਂ ਇਲਾਵਾ, ਵਰਕਬੁੱਕਸ ਸਿਹਤ ਅਤੇ ਸਫਾਈ ਨੂੰ ਕਵਰ ਕਰਦੀਆਂ ਹਨ। ਬੱਚੇ, ਅਧਿਆਪਕ, ਮਾਪੇ, ਦਾਦਾ-ਦਾਦੀ ਅਤੇ ਸੁਪੋਰਟ-ਸਟਾਫ ਵਰਕਬੁੱਕ ਵਿੱਚ ਵੱਖੋ-ਵੱਖਰੇ ਕਿਰਦਾਰਾਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ। ਮਾਪਿਆਂ, ਅਧਿਆਪਕਾਂ ਅਤੇ ਸੁਪੋਰਟ-ਸਟਾਫ ਲਈ ਬੁੱਕਲੇਟ ਅੰਗ੍ਰੇਜ਼ੀ, ਹਿੰਦੀ ਅਤੇ ਵੱਖ-ਵੱਖ ਖੇਤਰੀ ਭਾਸ਼ਾਵਾਂ ਵਿੱਚ ਹਨ ਤਾਂ ਜੋ ਸੇਫਟੀ ਵਰਕਬੁੱਕਸ ਦੇ ਅਨੁਸਾਰ ਆਪਣੇ ਆਪ ਨੂੰ ਢਾਲਿਆ ਜਾ ਸਕੇ।

ਇਹ ਸਹਿਯੋਗੀ ਬੁੱਕਲੇਟ ਸੁਪੋਰਟ-ਸਟਾਫ ਲਈ ਹੈ ਜਿਨ੍ਹਾਂ ਵਿੱਚੋਂ ਕੁਝ ਮਾਪੇ ਅਤੇ ਦਾਦਾ-ਦਾਦੀ ਵੀ ਹਨ। ਹਾਲਾਂਕਿ, ਕੋਈ ਵੀ ਜੋ ਬੱਚਿਆਂ ਦੀ ਪਰਵਾਹ ਕਰਦਾ ਹੈ ਉਹ ਇਸ ਬੁੱਕਲੇਟ ਨੂੰ ਪੜ੍ਹਨ ਵਿੱਚ ਦਿਲਚਸਪੀ ਲਵੇਗਾ। ਆਖ਼ਰਕਾਰ, ਅਸੀਂ ਸਾਰੇ ਚਾਹੁੰਦੇ ਹਾਂ ਕਿ ਬੱਚੇ ਖੁਸ਼ ਰਹਿਣ, ਸਿਹਤਮੰਦ ਅਤੇ ਸੁਰੱਖਿਅਤ ਰਹਿਣ। ਸਪੋਰਟ- ਸਟਾਫ - ਫੁਲ ਜਾਂ ਪਾਰ੍ਟ ਟਾਇਮ - ਜਾਂ ਕਾਂਟ੍ਰੈਚੱਲ (ਠੇਕਾ ਸੰਬੰਧੀ) ਜਿਦਾਂ ਕਿ ਡਰਾਈਵਰ, ਕੰਡਕਟਰ, ਸਵੀਪਰ (ਸਫਾਈ ਕਰਮਚਾਰੀ), ਸੇਡਸ (ਸਹਾਇਕਾਂ), ਅਤੇ, ਨੂੰ ਬੱਚਿਆਂ ਨਾਲ ਨਿਯਮਿਤ ਰੂਪ ਨਾਲ ਗੱਲ ਕਰਨੀ ਹੁੰਦੀ ਹੈ। ਓਹਨਾ ਨੂੰ ਬੱਚਿਆਂ ਦੀ ਸੁਰੱਖਿਆ (ਸਫੇਟੀ) ਤੋਂ ਜੁੜੇ ਵੱਖ ਵੱਖ ਕਨੂੰਨਾਂ ਨੂੰ ਸਮਝਣ ਦੀ ਜ਼ਰੂਰਤ ਹੈ।

## 2. ਸਕੂਲ ਦੀ ਸੇਫਟੀ ਪਾਲੀਸੀ

ਪ੍ਰੋਜੈਕਟ CACA (ਕਾਕਾ) ਵੱਖ-ਵੱਖ ਸੰਸਥਾਵਾਂ ਜਿਵੇਂ ਕਿ ਕਮੀਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਇਲਡ ਰਾਇਟਸ, ਸਰਕਾਰ ਦੇ ਮੰਤਰਾਲੇ ਅਤੇ ਡਿਪਾਰਟਮੈਂਟ, ਸਕੂਲ ਬੋਰਡ, ਸੁਪਰੀਮ ਅਤੇ ਹਾਈ ਕੋਰਟ, ਆਦਿ, ਦੁਆਰਾ ਜਾਰੀ ਕੀਤੇ ਗਏ ਵੱਖ-ਵੱਖ ਸੇਫਟੀ ਗਾਇਡਲਾਇਨਾਂ, ਨਿਯਮਾਂ ਅਤੇ ਸਰਕੂਲਰ ਦੀ ਪਾਲਣਾ ਕਰਦਾ ਹੈ, ਜਿਨ੍ਹਾਂ ਨੂੰ ਹਰ ਸਕੂਲ ਨੂੰ ਪਾਲਣ ਕਰਨਾ ਚਾਹੀਦਾ ਹੈ ।ਹਰ ਸਕੂਲ ਨੂੰ ਆਪਣੇ ਵਿਦਿਆਰਥੀਆਂ ਦੀ ਸੇਫਟੀ ਲਈ ਹੇਠ ਲਿਖੀਆਂ ਸ਼੍ਰੇਣੀਆਂ ਦੀ ਤਿਆਰੀ ਕਰਨੀ ਪੈਂਦੀ ਹੈ।

ਸਕੂਲਾਂ ਲਈ ਬੱਚਿਆਂ ਦੀ ਸੇਫਟੀ ਲਈ ਸ਼੍ਰੇਣੀਆਂ :

1. ਬੁਨਿਆਦੀ ਢਾਂਚਾ 2. ਸਿਹਤ 3. ਆਵਾਜਾਈ 4. ਵਿਦਿਆਰਥੀ ਸੁਰੱਖਿਆ ਵਿਧੀ 5. ਨਿੱਜੀ, ਸਮਾਜਿਕ, ਭਾਵਨਾਤਮਕ ਅਤੇ ਸੈਕਸੁਅਲ ਸੇਫਟੀ 6. ਰਿਪੋਰਟਿੰਗ ਅਤੇ ਜਵਾਬ ਪ੍ਰਣਾਲੀ 7. ਐਮਰਜੈਂਸੀ ਤਿਆਰੀ ਅਤੇ ਆਫ਼ਤ ਪ੍ਰਬੰਧਨ 8. ਸਾਈਬਰ ਸੁਰੱਖਿਆ

ਪ੍ਰੋਜੈਕਟ CACA(ਕਾਕਾ), ਬੱਚਿਆਂ ਨੂੰ ਕੇਂਦਰ ਵਿੱਚ ਰੱਖਦੇ ਹੋਏ, ਸੁਰੱਖਿਆ ਦੀਆਂ ਉਪਰੋਕਤ ਸ੍ਰੇਣੀਆਂ ਨਾਲ ਬੱਚਿਆਂ, ਮਾਪਿਆਂ , ਅਧਿਆਪਕਾਂ, ਅਤੇ ਸਹਾਇਕ ਕਰਮਚਾਰੀਆਂ ਨੂੰ ਅਧਿਕਾਰਤ, ਚੌਕਸ ਅਤੇ ਸੰਵੇਦਨਸ਼ੀਲ ਬਣਾਉਂਦਾ ਹੈ। ਇਸ ਪ੍ਰੋਜੈਕਟ ਵਿੱਚ ਬਾਲ ਅਧਿਕਾਰ, ਲਿੰਗ ਸਮਾਨਤਾ ਅਤੇ ਚਾਇਲਡ ਐਬਿਊਜ਼ ਦੇ ਅਕਾਦਮਿਕ (ਵਿੱਦਿਅਕ), ਕਾਨੂੰਨੀ ਅਤੇ ਸਾਇਕਲੋਜੀਕਲ (ਮਨੋਵੈਜ੍ਵਾਨਿਕ) ਪਹਿਲੂ ਸ਼ਾਮਲ ਹਨ।

## 3. (CACA)(ਕਾਕਾ ਸੇਫਟੀ ਵਰਕਬੁੱਕਸ)

'ਕੋਮਲ' ਇੱਕ ਛੋਟੀ ਕਾਰਟੂਨ ਫਿਲਮ ਹੈ ਜੋ ਬੱਚਿਆਂ ਨੂੰ ਬਾਲ ਯੌਨ ਸ਼ੋਸ਼ਣ ਦੇ ਵਿਰੁੱਧ ਸ਼ਕਤੀ ਪ੍ਰਦਾਨ ਕਰਦੀ ਹੈ।ਐਨ.ਜੀ.ਓ – 'ਚਾਈਲਡ ਲਾਈਨ ਇੰਡੀਆ ਫਾਉਡੇਸਨ' ਨੇ ਇਸਨੂੰ ਭਾਰਤ ਸਰਕਾਰ ਦੇ ਸਹਿਯੋਗ ਨਾਲ ਪੇਸ਼ ਕੀਤਾ ਹੈ। 'ਕੋਮਲ' ਇੱਕ ਸੱਤ ਸਾਲਾਂ ਦੀ ਕੁੜੀ ਬਾਰੇ ਹੈ ਜਿਸ ਨਾਲ ਉਸਦਾ ਗਵਾਂਢੀ ਅੰਕਲ ਦੁਰਵਿਵਹਾਰ ਕਰਦਾ ਹੈ।ਇਹ ਫਿਲਮ ਬੱਚਿਆਂ ਨੂੰ ਸੇਫ-ਅਨਸੇਫ ਅਹਿਸਾਸ ਬਾਰੇ ਦੱਸਦੀ ਹੈ ਤਾਂ ਜੋ ਕਿ ਉਹ ਆਪਣੀ ਰੱਖਿਆ ਕਰ ਸਕਣ। ਸੀਏਸੀਏ (CACA) ਸੇਫਟੀ ਵਰਕਬੁੱਕਸ ਕੋਮਲ ਫਿਲਮ ਤੇ ਅਧਾਰਤ ਹਨ। ਇਹ ਕਿਤਾਬਾਂ ਉਮਰ ਦੇ ਅਨੁਕੂਲ ਅਤੇ ਪ੍ਰਗਤੀਸ਼ੀਲ ਢੰਗ ਨਾਲ, ਫਿਲਮ ਵਿੱਚ ਸ਼ਾਮਲ ਹੇਠਾਂ ਦਿੱਤੇ ਵੱਖ-ਵੱਖ ਸੇਫਟੀ ਦੇ ਸਿਧਾਂਤਾਂ ਨੂੰ ਸਿਖਾਉਂਦੀਆਂ ਹਨ:




- ਸੇਫ-ਅਨਸੇਫ ਟੱਚ (ਸੁਰੱਖਿਅਤ ਅਤੇ ਅਸੁਰੱਖਿਅਤ ਸੰਪਰਕ)
- ਭੇਦ
- ਭਰੋਸੇਯੋਗ ਬਾਲਗ
- ਇਹ ਤੁਹਾਡੀ ਗਲਤੀ ਨਹੀਂ ਹੈ
- ਟੈਲਿੰਗ (ਦੱਸਣਾ )
- ਚਾਈਲਡ ਹੈਲਪਲਾਈਨ ਨੰਬਰ 1098
- ਦ੍ਰਿੜ ਹੋਣਾ, ਆਦਿ।

ਇਹ ਫਿਲਮ ਸਕੂਲ ਦੇ ਬੱਚਿਆਂ ਨੂੰ ਦਿਖਾਈ ਜਾ ਰਹੀ ਹੈ। ਮਾਪਿਆਂ, ਦਾਦਾ-ਦਾਦੀ, ਸਕੂਲ ਦੇ ਅਧਿਆਪਕਾਂ ਅਤੇ ਸਹਿਯੋਗੀ ਸਟਾਫ ਨੂੰ ਵੀ ਵੇਖਣੀ ਚਾਹੀਦੀ ਹੈ। ਇਹ ਫਿਲਮ ਅੰਗਰੇਜ਼ੀ, ਹਿੰਦੀ ਅਤੇ ਵੱਖ ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ।ਇਸਨੂੰ ਯੂ-ਟਿਊਬ - ਇੰਟਰਨੈਟ ਤੇ 'ਕੋਮਲ ਚਾਈਲਡ ਲਾਈਨ' ਅਤੇ ਤੁਹਾਡੀ ਭਾਸ਼ਾ ਜਿਵੇਂ ਪੰਜਾਬੀ, ਤਮਿਲ, ਹਿੰਦੀ, ਆਦਿ ਦੁਆਰਾ ਆਸਾਨੀ ਨਾਲ ਖੋਜਿਆ ਜਾ ਸਕਦਾ ਹੈ।

ਵਰਕਬੁੱਕਸ 3 ਸਭ ਤੋਂ ਪੱਕੇ ਮਿੱਤਰਾਂ ਦੇ ਆਲੇ ਦੁਆਲੇ ਘੁੰਮਦੀ ਹੈ: ਇੱਕ ਕੁੜੀ –ਸਨਾ; ਇੱਕ ਲੜਕਾ –ਅਰਪਿਤ, ਅਤੇ ਇੱਕ ਸ਼ੇਰ, Pokso (ਪੋਕਸੋ)। ਇਹ 3 ਸਕੂਲੀ-ਮਿੱਤਰ ਵੀ ਹਨ।






ਸਰਵੇ (ਸਰਵੇਖਣ) 2007 – ਮਨਿਸਟਰੀ ਆਫ ਵਿਮੈਨ ਐਂਡ ਚਾਇਲਡ ਡਿਵੈਲਪਮੈਂਟ (MW&CD), ਭਾਰਤ ਸਰਕਾਰ ਦੇ ਅਨੁਸਾਰ: ਹਰ ਦੂਜਾ ਬੱਚਾ, ਲੜਕਾ ਜਾਂ ਲੜਕੀ ਸੈਕਸੁਅਲ ਐਬਿਊਜ (ਜਿਨਸੀ ਸ਼ੋਸ਼ਣ) ਦੇ ਇੱਕ ਜਾਂ ਵਧੇਰੇ ਰੂਪਾਂ ਦਾ ਸਾਹਮਣਾ ਕਰਦਾ ਹੈ। ਮੁੰਡੇ ਵੀ ਜਿਨਸੀ ਸ਼ੋਸ਼ਣ ਦੇ ਬਰਾਬਰ ਸ਼ਿਕਾਰ ਹੁੰਦੇ ਹਨ। ਜਿਆਦਾਤਰ ਮਾਮਲਿਆਂ ਵਿੱਚ, ਦੁਰਵਿਵਹਾਰ ਕਰਨ ਵਾਲਾ ਕੋਈ ਅਜਨਬੀ ਨਹੀਂ ਹੁੰਦਾ ਬਲਕਿ ਕੋਈ ਅਜਿਹਾ ਵਿਅਕਤੀ ਹੁੰਦਾ ਹੈ ਜੋ ਬੱਚੇ ਨੂੰ ਜਾਣਦਾ ਹੁੰਦਾ ਹੈ।

## 4. ਬੱਚਿਆਂ ਦੇ ਅਧਿਕਾਰ

18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਬੱਚਾ (ਜੁਵੇਨਾਇਲ) ਕਿਹਾ ਜਾਂਦਾ ਹੈ। ਹੋਰ ਸਾਰੇ ਵਿਅਕਤੀਆਂ ਨੂੰ ਬਾਲਗ ਕਿਹਾ ਜਾਂਦਾ ਹੈ। ਬਾਲਗਾਂ ਵਾਂਗ ਬੱਚੇ ਵੀ ਸਿਟੀਜਨ (ਨਾਗਰਿਕ) ਹੀ ਹਨ ।ਨਾਗਰਿਕ ਅਧਿਕਾਰ, ਜੋ ਭਾਰਤ ਦੇ **ਸੰਵਿਧਾਨ** ਵਿੱਚ ਹਨ, **ਠੀਕ ਉਸ** ਤਰਾਂ ਬੱਚਿਆਂ ਦੇ ਵੀ ਵਿਸ਼ੇਸ਼ ਅਧਿਕਾਰ ਹੁੰਦੇ ਹਨ ਜਿਵੇਂ ਕਿ:

- ✓ ਬੱਚਿਆਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਣਨ ਦਾ ਅਧਿਕਾਰ ਹੈ।
- ✓ ਬੱਚਿਆਂ ਨੂੰ ਚੰਗੀ ਸਿੱਖਿਆ ਦਾ ਅਧਿਕਾਰ ਹੈ।
- ✓ ਬੱਚਿਆਂ ਨੂੰ ਚੰਗੀ ਸਿਹਤ ਅਤੇ ਦੇਖਭਾਲ ਦਾ ਅਧਿਕਾਰ ਹੈ।
- ✓ ਬੱਚਿਆਂ ਨੂੰ ਚੰਗੀ ਖੁਰਾਕ ਦਾ ਅਧਿਕਾਰ ਹੈ।
- ✓ ਬੱਚਿਆਂ ਨੂੰ ਆਰਥਿਕ ਅਤੇ ਸੈਕਸੁਅਲ ਐਬਿਊਜ ਤੋਂ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ,ਆਦਿ।

ਬਹੁਤ ਸਾਰੇ ਕਾਨੂੰਨ ਅਤੇ ਸਰਕਾਰੀ ਯੋਜਨਾਵਾਂ ਹਨ ਜੋ ਬੱਚਿਆਂ ਦੇ ਅਧਿਕਾਰਾਂ ਤੇ ਅਧਾਰਤ ਹਨ। ਸੇਫਟੀ ਵਰਕਬੁੱਕਸ ਸਾਡੇ ਬੱਚਿਆਂ ਨੂੰ ਉਨ੍ਹਾਂ ਬਾਰੇ ਜਾਣਕਾਰੀ ਦਿੰਦੀਆਂ ਹਨ। ਯਾਦ ਰੱਖੋ, ਇਹ ਹਰ ਬਾਲਗ ਦੀ **ਜ਼ਿੰਮੇਵਾਰੀ** ਹੈ ਕਿ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰ ਮਿਲ ਜਾਣ।

## 5. ਕਮੀਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਇਲਡ ਰਾਇਟਸ (CPCR) ਐਕਟ

ਕਮੀਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਇਲਡ ਰਾਇਟਸ ਐਕਟ(2005), ਨੈਸ਼ਨਲ ਕਮੀਸ਼ਨ – NCPCR ਅਤੇ ਸਟੇਟ ਕਮੀਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਇਲਡ ਰਾਇਟਸ-SCPCR ਐਕਟ, ਦੇ ਅਧੀਨ ਬਣਾਏ ਗਏ ਹਨ।ਕਮੀਸ਼ਨਜ਼ ਬੱਚਿਆਂ ਦੇ ਅਧਿਕਾਰਾਂ ਅਤੇ ਸੰਬੰਧਤ ਕਾਨੂੰਨਾਂ ਦੇ ਲਾਗੂ ਕਰਨ ਦੀ ਨਿਗਰਾਨੀ ਲਈ ਜ਼ਿੰਮੇਵਾਰ ਹਨ। ਹਰ ਕਮੀਸ਼ਨ ਲਈ ਇੱਕ ਚੇਅਰਪਰਸਨ ਹੈੱਡ ਹੋਵੇਗਾ।

SAF Social Axiom Foundation

ਕਮੀਸ਼ਨ ਦੇ ਬਹੁਤ ਸਾਰੇ ਕਾਰਜ ਹੁੰਦੇ ਹਨ ਜਿਵੇਂ ਕਿ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਨਾਲ ਜੁੜੇ ਮਾਮਲਿਆਂ ਵਿੱਚ ਸ਼ਿਕਾਇਤਾਂ ਦੀ ਜਾਂਚ ਕਰਨਾ, ਅਤੇ ਉਨ੍ਹਾਂ ਨੂੰ ਸਬੰਧੀ ਢੁਕਵੀਂ ਕਾਰਵਾਈ ਕਰਨ ਲਈ ਪੁਲਿਸ ਵਰਗੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣਾ। ਇਹ ਕੋਈ ਸ਼ਿਕਾਇਤ ਪ੍ਰਾਪਤ ਨਾ ਹੋਣ ਤੇ 'ਸੁਓ ਮੋਟੋ' ਯਾਨੀ ਕੇ ਆਪ ਵੀ ਜਾਂਚ ਕਰ ਸਕਦੇ ਹਨ।

## 6. ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ) ਐਕਟ –JJ ਐਕਟ

ਇਹ ਐਕਟ ਪੂਰੇ ਭਾਰਤ ਵਿੱਚ ਲਾਗੂ ਹੈ। ਇਹ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਬੱਚੇ ਵਜੋਂ ਪਰਿਭਾਸ਼ਤ ਕਰਦਾ ਹੈ। ਇਹ ਉਹਨਾਂ ਬੱਚਿਆਂ ਨਾਲ ਸੰਬੰਧਤ ਹੈ ਜੋ A ਅਤੇ B ਸ਼੍ਰੇਣੀਆਂ ਵਿੱਚ ਆਉਂਦੇ ਹਨ:

ਕੈਟਾਗਰੀ A: ਉਹ ਬੱਚੇ ਜਿਨ੍ਹਾਂ ਨੇ ਕਾਨੂੰਨ ਤੋੜਿਆ ਹੈ (ਚਿਲਡਰਨ ਇਨ ਕਨਫਲਿਕਟ ਵਿੱਦ ਲਾਅ)।

ਕੈਟਾਗਰੀ B: ਦੇਖਭਾਲ, ਸੁਰੱਖਿਆ, ਇਲਾਜ, ਵਿਕਾਸ ਅਤੇ ਮੁੜ ਵਸੇਬੇ ਦੀ ਲੋੜ ਵਾਲੇ ਬੱਚੇ ਜੋ ਇਸ ਤਰ੍ਹਾਂ ਹਨ:

- ਬਿਨਾਂ ਕਿਸੇ ਘਰ ਜਾਂ ਰਿਹਾਇਸ਼ ਵਾਲੇ – ਅਨਾਥ, ਛੱਡੇ ਹੋਏ, ਆਦਿ;
- ਮਾਨਸਿਕ ਜਾਂ ਸਰੀਰਕ ਤੌਰ ਤੇ ਅਪਾਹਜ ਅਤੇ ਜਿੰਨਾ ਦੀ ਦੇਖਭਾਲ ਕਰਨ ਲਈ ਕੋਈ ਯੋਗ ਵਿਅਕਤੀ ਨਹੀਂ ਹੈ;
- ਜਿਸ ਨੂੰ ਵਿਆਹ ਦੀ ਉਮਰ ਤੋਂ ਪਹਿਲਾਂ ਵਿਆਹ ਦਾ ਖ਼ਤਰਾ ਹੈ ਅਤੇ ਜਿਨ੍ਹਾਂ ਦੇ ਮਾਤਾ-ਪਿਤਾ, ਪਰਿਵਾਰਕ ਮੈਂਬਰ, ਸਰਪ੍ਰਸਤ ਅਤੇ ਕੋਈ ਹੋਰ ਵਅਿਕਤੀ ਹਨ ਅਜਿਹੇ ਵਿਆਹ ਦੇ ਸੰਸਕਾਰ ਲਈ ਦੋਸ਼ੀ ਹੋਣ ਦੀ ਸੰਭਾਵਨਾ ਹੈ

> ਕੈਟਾਗਰੀ A ਵਾਲਾ ਕੋਈ ਬੱਚਾ ਕੈਟਾਗਰੀ B ਵਿੱਚ ਵੀ ਆ ਸਕਦਾ ਹੈ ਉਦਾਹਰਣ ਵਜੋਂ, ਇੱਕ ਅਨਾਥ ਜੋ ਕਿ ਕਾਨੂੰਨ ਦੇ ਉਲਟ ਚੱਲਦਾ ਹੋਵੇ।

ਚਾਇਲਡ ਵੈਲਫੇਅਰ ਕਮੇਟੀਜ –CWC(ਬਾਲ ਭਲਾਈ ਕਮੇਟੀਆਂ) :

ਚਾਇਲਡ ਵੈਲਫੇਅਰ ਕਮੇਟੀਜ (ਬਾਲ ਭਲਾਈ ਕਮੇਟੀਆਂ) ਬੱਚਿਆਂ ਦੀ ਦੇਖਭਾਲ, ਸੁਰੱਖਿਆ, ਇਲਾਜ, ਵਿਕਾਸ ਅਤੇ ਮੁੜ ਵਸੇਬੇ ਦੀ ਦੇਖਭਾਲ ਅਤੇ ਲਈ ਪ੍ਰਬੰਧ ਕਰਦੀਆਂ ਹਨ। CWC ਵਿੱਚ ਇੱਕ ਚੇਅਰਪਰਸਨ ਅਤੇ ਚਾਰ ਹੋਰ ਮੈਂਬਰ ਸ਼ਾਮਲ ਹੁੰਦੇ ਹਨ। ਮੈਂਬਰਾਂ ਵਿੱਚੋਂ ਘੱਟੋ – ਘੱਟ ਇੱਕ ਔਰਤ ਅਤੇ ਦੂਸਰਾ ਬੱਚਿਆਂ ਨਾਲ ਸਬੰਧਤ ਮਾਮਲਿਆਂ ਦਾ ਮਾਹਰ ਹੁੰਦਾ ਹੈ।

✓ ਕੋਈ ਵੀ ਵਿਅਕਤੀ CWC ਦੇ ਸਾਹਮਣੇ ਬੱਚਾ ਪੇਸ਼ ਕਰ ਸਕਦਾ ਹੈ, ਜਿਸ ਵਿੱਚ ਬੱਚੇ ਦਾ ਆਪ ਪੇਸ਼ ਹੋਣਾ ਵੀ ਸ਼ਾਮਲ ਹੈ।

✓ ਬੱਚੇ ਸਮੇਤ ਕੋਈ ਵੀ ਵਿਅਕਤੀ ਚਾਈਲਡ ਹੈਲਪਲਾਈਨ 1098 ਤੇ ਕਾਲ ਕਰ ਸਕਦਾ ਹੈ।

## ਜੁਵੇਨਾਇਲ ਜਸਟਿਸ ਬੋਰਡ – JJB

ਕ਼ਾਨੂਨ ਨੂੰ ਤੋੜਨ ਵਾਲੇ ਬੱਚੇ (ਜਿਨ੍ਹਾਂ ਨੂੰ ਅਪਰਾਧੀ ਨਹੀਂ ਕਿਹਾ ਜਾਂਦਾ) ਨੂੰ ਜੁਵੇਨਾਇਲ ਜਸਟਿਸ ਬੋਰਡ – JJB ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ । ਇਹ ਬਾਲਗਾਂ ਲਈ ਆਮ ਅਦਾਲਤ ਨਹੀਂ ਹੁੰਦੀ। JJB ਵਿੱਚ ਇੱਕ ਨਿਆਂਇਕ ਮੈਜਿਸਟਰੇਟ ਅਤੇ ਦੋ ਸੋਸ਼ਲ ਵਰਕਰਜ਼ ਸ਼ਾਮਲ ਹੁੰਦੇ ਹਨ, ਜਿਨ੍ਹਾਂ ਵਿੱਚੋਂ ਘੱਟੋ ਘੱਟ ਇੱਕ ਔਰਤ ਹੁੰਦੀ ਹੈ। JJB, ਕ਼ਾਨੂਨ ਨੂੰ ਤੋੜਨ ਵਾਲੇ ਬੱਚੇ (ਕਨਫਲਿਕਟ ਵਿੱਦ ਲਾਅ ਵਾਲੇ ਬੱਚੇ) ਬਾਰੇ ਇਨਕੁਅਰੀ (ਨਾ ਕਿ ਟ੍ਰਾਇਲ) ਕਰਦੀ ਹੈ ਅਤੇ JJ ਐਕਟ ਦੇ ਅਨੁਸਾਰ ਆਦੇਸ਼ ਦਿੰਦੀ ਹੈ। ਯਾਦ ਰੱਖੋ, ਇੱਕ ਬੱਚੇ ਨੂੰ ਕਦੇ ਵੀ ਪੁਲਿਸ ਲੌਕ-ਅਪ ਜਾਂ ਜੇਲ੍ਹ ਵਿੱਚ ਨਹੀਂ ਰੱਖਿਆ ਜਾ ਸਕਦਾ। ਜਦੋਂ JJB ਨੂੰ ਪਤਾ ਲਗਦਾ ਹੈ ਕਿ ਕਨਫਲਿਕਟ ਵਿੱਦ ਲਾਅ ਬੱਚਾ ਵੀ ਦੇਖਭਾਲ ਅਤੇ ਸੁਰੱਖਿਆ ਦੀ ਲੋੜ ਵਾਲਾ ਬੱਚਾ ਹੈ, ਤਾਂ ਇਸ ਬੱਚੇ ਨੂੰ CWC ਕੋਲ ਭੇਜਿਆ ਜਾ ਸਕਦਾ ਹੈ । JJB ਉਹਨਾਂ ਸਾਰੇ ਬੱਚਿਆਂ ਜੋ ਕਨਫਲਿਕਟ ਵਿੱਦ ਲਾਅ ਹਨ ਵੱਲੋਂ ਕੀਤੇ ਕਿਸੇ ਵੀ ਤਰ੍ਹਾਂ ਦੇ ਅਪਰਾਧ ਜਿਵੇਂ ਕਿ ਚੋਰੀ, ਲੁੱਟ, ਹੱਤਿਆ, ਆਦਿ ਵਰਗੇ ਅਪਰਾਧ ਲਈ ਕਾਨੂੰਨ ਦੇ ਨਾਲ ਨਜਿੱਠਦਾ ਹੈ।

## ਸਪੈਸ਼ਲ ਜੁਵੇਨਾਈਲ ਪੁਲਿਸ ਯਨਿਟ – SJPU

ਬੱਚਿਆਂ ਦੇ ਮੁਆਮਲੇਆਂ ਨੂੰ ਸੰਭਾਲਣ ਵਾਲੀ ਪੁਲਿਸ ਵੱਖਰੀ ਹੈ। ਉਨ੍ਹਾਂ ਨੂੰ ਸਪੈਸ਼ਲ ਜੁਵੇਨਾਈਲ ਪੁਲਿਸ ਯੂਨਿਟ (SJPU) ਕਿਹਾ ਜਾਂਦਾ ਹੈ। CWC,SJPU, ਅਤੇ JJB ਵਿਸ਼ੇਸ਼ ਤੌਰ ਤੇ JJ ਐਕਟ ਦੇ ਅਧੀਨ ਬੱਚਿਆਂ ਲਈ ਜਿਲ੍ਹਾਵਾਰ ਬਣਾਏ ਗਏ ਹਨ। ਇਸ ਤੋਂ ਇਲਾਵਾ, ਹਰ ਪੁਲਿਸ ਸਟੇਸ਼ਨ ਵਿੱਚ ਬੱਚਿਆਂ ਦੇ ਮਾਮਲੇ ਦੇਖਣ ਲਈ ਇੱਕ ਵਿਸ਼ੇਸ਼ ਪੁਲਿਸ ਭਲਾਈ ਅਧਿਕਾਰੀ ਹੁੰਦਾ ਹੈ।

## JJB ਦੁਆਰਾ ਆਦੇਸ਼

JJB, ਬੱਚਿਆਂ ਦੁਆਰਾ ਕੀਤੇ ਵੱਖ -ਵੱਖ ਪ੍ਰਕਾਰ ਦੇ ਅਪਰਾਧਾਂ ਲਈ ਹੇਠ ਲਿਖੇ ਪ੍ਰਕਾਰ ਦੇ ਆਦੇਸ਼ ਦੇ ਸਕਦੀ ਹੈ:

- ਸਲਾਹ ਜਾਂ ਚੇਤਾਵਨੀ ਦੇ ਬਾਅਦ ਘਰ ਭੇਜਣਾ
- ਸਮੂਹ ਸਲਾਹ -ਮਸ਼ਵਰੇ ਵਿੱਚ ਹਿੱਸਾ ਲੈਣ ਲਈ ਕਹਿਣਾ
- ਭਾਈਚਾਰੇ ਦੀਆਂ ਸੇਵਾਵਾਂ ਵਿੱਚ ਹਿੱਸਾ ਲੈਣ ਲਈ ਕਹਿਣਾ
- ਜੁਰਮਾਨਾ ਲਗਾਉਣਾ
- ਗਾਰਡੀਅਨ/ਮਾਪਿਆਂ ਦੀ ਦੇਖ -ਰੇਖ ਹੇਠ ਪ੍ਰੋਬੇਸ਼ਨ ਤੇ ਰਿਹਾ ਕੀਤਾ ਜਾਣਾ।
- ਸੁਧਾਰਕ ਸੇਵਾਵਾਂ ਵਾਲੇ ਕਿਸੇ *'ਸਪੈਸ਼ਲ ਹੋਮ' ਵਿੱਚ ਭੇਜਣਾ, ਪਰ ਤਿੰਨ ਸਾਲਾਂ ਤੋਂ ਵੱਧ ਸਮੇਂ ਲਈ ਨਹੀਂ।
- ਨਸ਼ਾ ਮੁਕਤੀ ਕੇਂਦਰ ਵਿੱਚ ਭੇਜਣਾ।

*ਸਪੈਸ਼ਲ ਹੋਮ ਇੱਕ ਰਿਹਾਇਸ਼ੀ ਸਥਾਨ ਹੁੰਦਾ ਹੈ। ਇੱਕ ਸਪੈਸ਼ਲ ਹੋਮ ਵਿੱਚ ਬੱਚੇ ਦੀ ਸਕਲ, ਵੋਕੇਸ਼ਨਲ ਟਰੇਨਿੰਗ ਆਦਿ ਦਾ ਧਿਆਨ ਰੱਖਿਆ ਜਾ ਸਕਦਾ ਹੈ।

ਭਵਿੱਖ ਵਿੱਚ ਸਰਕਾਰੀ ਸੇਵਾਵਾਂ, ਪਾਸਪੋਰਟ ਐਪਲੀਕੇਸ਼ਨ, ਆਦਿ ਵਿੱਚ ਕਿਸੇ ਵੀ ਅਯੋਗਤਾ ਲਈ ਪੁਲਿਸ ਕਿਸੇ ਵੀ ਬੱਚੇ ਦਾ ਰਿਕਾਰਡ ਨਹੀਂ ਰੱਖ ਸਕਦੀ।

SAF Social Axiom Foundation

ਚਿਲਡਰਨਜ਼ ਕੋਰਟ

ਜਦੋਂ 16 ਤੋਂ 18 ਸਾਲ ਦੀ ਉਮਰ ਦੇ ਬੱਚੇ ਨੂੰ ਕਤਲ ਵਰਗੇ ਘਿਣਾਉਣੇ ਅਪਰਾਧ ਲਈ ਫੜਿਆ ਜਾਂਦਾ ਹੈ ਅਤੇ JJB ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ, ਤਾਂ JJB ਜਾਂਚ ਕਰਦੀ ਹੈ ਕਿ ਇੱਕ ਬਾਲਗ ਵਜੋਂ ਬੱਚੇ ਦੀ ਮਾਨਸਿਕ ਸਮਰੱਥਾ ਹੈ ਜਾਂ ਨਹੀਂ। ਜੇ JJB ਨੂੰ ਪਤਾ ਲਗਦਾ ਹੈ ਕਿ ਬੱਚੇ ਦੀ ਬਾਲਗ ਵਜੋਂ ਮਾਨਸਿਕ ਸਮਰੱਥਾ ਹੈ, ਤਾਂ ਇਹ ਬੱਚੇ ਨੂੰ ਚਿਲਡਰਨਜ਼ ਕੋਰਟ ਵਿੱਚ ਭੇਜਦੀ ਹੈ। ਚਿਲਡਰਨਜ਼ ਕੋਰਟ JJB ਨਾਲ ਬੱਚੇ ਦੀ ਮਾਨਸਿਕ ਸਮਰੱਥਾ ਨਾਲ ਸਹਿਮਤ ਹੋ ਵੀ ਸਕਦੀ ਹੈ ਜਾਂ ਨਹੀਂ ਵੀ ਹੋ ਸਕਦੀ। ਜੇ ਚਿਲਡਰਨ ਕੋਰਟ JJB ਨਾਲ ਸਹਿਮਤ ਹੁੰਦੀ ਹੈ, ਤਾਂ ਬੱਚੇ ਨੂੰ ਬਾਲਗ ਮੰਨਿਆ ਜਾਂਦਾ ਹੈ, ਅਤੇ ਚਿਲਡਰਨ ਕੋਰਟ ਟ੍ਰਾਇਲ ਸ਼ੁਰੂ ਕਰਦੀ ਹੈ। ਹਾਲਾਂਕਿ, ਕਿਸੇ ਵੀ ਅਪਰਾਧ ਲਈ ਕਿਸੇ ਵੀ ਬੱਚੇ ਨੂੰ ਸਾਰੀ ਉਮਰ ਲਈ ਜੇਲ੍ਹ ਦੀ ਸਜ਼ਾ ਜਾਂ ਮੌਤ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਜੇ ਚਿਲਡਰਨ ਕੋਰਟ JJB ਨਾਲ ਸਹਿਮਤ ਨਹੀਂ ਹੈ, ਤਾਂ ਬੱਚੇ ਨੂੰ ਬਾਲਗ ਨਹੀਂ ਮੰਨਿਆ ਜਾਂਦਾ ਹੈ ਅਤੇ ਚਿਲਡਰਨ ਕੋਰਟ "JJB ਦੁਆਰਾ ਆਦੇਸ਼" ਵਿੱਚ ਪਹਿਲਾਂ ਅੰਕਿਤ ਕੀਤੇ ਗਏ ਆਦੇਸ਼ਾਂ ਨੂੰ ਪਾਸ ਕਰ ਦਿੰਦੀ ਹੈ।

## 7. ਪ੍ਰੋਟੈਕਸ਼ਨ ਆਫ ਚਿਲਡਰਨ ਫਰੋਮ ਸੈਕਸ਼ੁਅਲ ਔਫੈਂਸ ਐਕਟ - POCSO (ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਲਈ ਐਕਟ ) - POCSO (ਪੋਕਸੋ)

ਇਹ ਕਾਨੂੰਨ 2012 ਵਿੱਚ 18 ਸਾਲ ਤੋਂ ਘੱਟ ਉਮਰ ਦੇ ਹਰ ਕਿਸੇ ਨੂੰ ਜਿਨਸੀ ਅਪਰਾਧਾਂ ਤੋਂ ਬਚਾਉਣ ਲਈ ਬਣਾਇਆ ਗਿਆ ਸੀ। POCSO (ਪੋਕਸੋ) ਭਾਰਤ ਭਰ ਵਿੱਚ ਲਾਗੂ ਹੈ। POCSO (ਪੋਕਸੋ) ਵਿੱਚ ਪਰਿਭਾਸ਼ਤ ਕੀਤੇ ਗਏ ਅਪਰਾਧ ਲਿੰਗ ਨਿਰਪੱਖ (ਜੇਂਡਰ-ਨਿਉਟਰਲ) ਹਨ । 2019 ਵਿੱਚ ਇਸ ਕਾਨੂੰਨ ਵਿੱਚ ਸੋਧ ਕੀਤੀ ਗਈ ਸੀ ਅਤੇ ਇਸ ਨੂੰ ਹੋਰ ਸਖਤ ਬਣਾਇਆ ਗਿਆ ਸੀ।

ਮੁੱਖ ਵਿਸ਼ੇਸ਼ਤਾਵਾਂ:

- ਦੋਸ਼ੀ ਨੂੰ ਆਪਣੀ ਬੇਗੁਨਾਹੀ ਸਾਬਤ ਕਰਨੀ ਪੈਂਦੀ ਹੈ।
- ਬੱਚਿਆਂ ਦੇ ਸੈਕਸੁਅਲ ਅਬਿਊਜ਼ ਦੀ ਰਿਪੋਰਟ ਪੁਲਿਸ ਨੂੰ ਦੇਣੀ ਚਾਹੀਦੀ ਹੈ। ਰਿਪੋਰਟ ਨਾ ਕਰਨਾ ਵੀ ਇੱਕ ਅਪਰਾਧ ਹੈ। ਕਿਸੇ ਪੁਲਿਸ ਅਧਿਕਾਰੀ ਦੁਆਰਾ ਐਫ ਆਈ ਆਰ (FIR) ਦਰਜ ਕਰਨ ਤੋਂ ਇਨਕਾਰ ਕਰਨਾ ਵੀ ਇੱਕ ਅਪਰਾਧ ਹੈ। ਰਿਪੋਰਟ ਨਾ ਕਰਨ ਤੇ 0 ਤੋਂ 6 ਮਹੀਨਿਆਂ ਦੀ ਜੇਲ੍ਹ ਅਤੇ/ਜਾਂ ਜੁਰਮਾਨਾ ਹੋ ਸਕਦਾ ਹੈ।
- ਜਿਲਾਵਾਰ ਵਿਸ਼ੇਸ਼ ਅਦਾਲਤਾਂ, ਜੋ ਬੱਚਿਆਂ ਦੇ ਅਨੁਕੂਲ ਅਤੇ ਫਾਸਟ-ਟਰੈਕ ਹਨ, ਨੂੰ ਬਣਾਇਆ ਗਿਆ ਹੈ। ਇਹ ਅਦਾਲਤਾਂ ਸੈਕਸੁਅਲ ਦੁਰਵਿਹਾਰ ਕਰਨ ਵਾਲਿਆਂ ਨਾਲ ਵਿਸ਼ੇਸ਼ ਤੌਰ ਤੇ ਨਜਿੱਠਦੀਆਂ ਹਨ। ਵਿਸ਼ੇਸ਼ ਅਦਾਲਤਾਂ ਵਿੱਚ ਕੈਮਰੇ ਦੀ ਦੇਖਰੇਖ ਵਿੱਚ ਮੁੱਕਦਮੇ ਚੱਲਦੇ ਹਨ। ਬੱਚੇ ਨੂੰ ਕਦੇ ਵੀ ਕਿਸੇ ਵੀ ਸਮੇਂ ਦੋਸ਼ੀ ਦੇ ਸੰਪਰਕ ਵਿੱਚ ਨਹੀਂ ਲਿਆਇਆ ਜਾਂਦਾ।
- 'ਬੱਚੇ ਦੀ ਸਹਿਮਤੀ'ਨੂੰ ਕੋਈ ਯੋਗ ਬਚਾਅ ਪੱਖ ਨਹੀਂ ਮੰਨਿਆ ਜਾਂਦਾ।
- ਪੀੜਤ ਨੂੰ ਮੁਆਵਜ਼ਾ ਦਿੱਤਾ ਜਾਂਦਾ ਹੈ।

ਅਪਰਾਧਾਂ ਦੀਆਂ ਸ਼੍ਰੇਣੀਆਂ

POCSO (ਪੋਕਸੋ) ਐਕਟ ਦੇ ਤਹਿਤ ਪਰਿਭਾਸ਼ਿਤ ਕੀਤੇ ਗਏ ਬਾਲ ਯੌਨ ਸ਼ੋਸ਼ਣ ਦੇ ਵੱਖੋ - ਵੱਖਰੇ ਅਪਰਾਧ ਸਿਰਫ ਉਦੋਂ ਲਾਗੂ ਹੁੰਦੇ ਹਨ ਜਦੋਂ ਕਮੀਸ਼ਨ ਨੂੰ ਅਜਿਹੀ ਕਾਰਵਾਈ ਦੇ ਪਿੱਛੇ ਸੈਕਸੁਅਲ ਕਿਸਮ ਦਾ ਇਰਾਦਾ ਲੱਗਦਾ ਹੋਵੇ। ਉਦਾਹਰਣ: ਇੱਕ ਨੌਕਰਾਣੀ ਜੋ ਕੇਜੀ ਦੇ ਵਿਦਿਆਰਥੀ ਦੇ ਖਰਾਬ ਹੋਏ ਕੱਪੜੇ ਬਦਲ ਰਹੀ ਹੈ, ਅਜਿਹਾ ਕਰਨ ਵਿੱਚ ਬੱਚੇ ਦੀ ਇੱਛਾ ਦੇ

ਬਾਵਜੂਦ ਵੀ POCSO (ਪੋਕਸੋ) ਐਕਟ ਦੇ ਅਧੀਨ ਨਹੀਂ ਆਵੇਗਾ। ਇਸ ਦੀ ਕੋਈ ਸਪਸ਼ਟ ਪਰਿਭਾਸ਼ਾ ਨਹੀਂ ਹੈ ਕਿ 'ਇਰਾਦਾ' ਕੀ ਹੋ ਸਕਦਾ ਹੈ। ਅਦਾਲਤ ਦੇ ਸਾਹਮਣੇ ਕੇਸ ਦੇ ਤੱਥ ਅਤੇ ਹਾਲਾਤ, ਜਿਨਸੀ ਇਰਾਦੇ ਦੀ ਮੌਜੂਦਗੀ ਜਾਂ ਗੈਰਮੌਜੂਦਗੀ ਨੂੰ ਸਾਬਿਤ ਕਰਨਗੇ।

ਐਕਟ ਨੂੰ ਹੇਠ ਲਿਖੀਆਂ ਸੱਤ ਕੈਟਾਗਰੀਆਂ A ਤੋਂ G ਵਿੱਚ ਵੰਡਿਆ ਜਾ ਸਕਦਾ ਹੈ :

A. ਸੈਕਸੁਅਲ ਹਰਾਸਮੇਂਟ
B. ਸੈਕਸੁਅਲ ਅਸਾਲਟ
C. ਅਗਰੈਸਿਵ ਸੈਕਸੁਅਲ ਅਸਾਲਟ
D. ਪੈਨੀਟ੍ਰੇਟਿਵ ਸੈਕਸੁਅਲ ਅਸਾਲਟ
E. ਐਗਰੀਵੇਟਡ ਪੈਨੀਟ੍ਰੇਟਿਵ ਸੈਕਸੁਅਲ ਅਸਾਲਟ
F. ਪੋਰਨੋਗ੍ਰਾਫਿਕ ਉਦੇਸ਼ਾਂ ਲਈ ਬੱਚਿਆਂ ਦੀ ਵਰਤੋਂ
G. ਅਬੈਟਮੈਂਟ

A. ਸੈਕਸ਼ੁਅਲ ਹਰਾਸ਼ਮੈਂਟ: ਇਸ ਵਿੱਚ ਜੋ ਅਪਰਾਧ ਆਉਂਦੇ ਹਨ ਉਹਨਾਂ ਵਿੱਚ ਟੱਚ ਕਰਨਾ ਸ਼ਾਮਲ ਨਹੀਂ ਹੁੰਦਾ। ਇਸ ਵਿੱਚ ਅਸ਼ਲੀਲ ਟਿੱਪਣੀਆਂ ਕਰਨਾ, ਪਿੱਛਾ ਕਰਨਾ (ਸਟਾਲਕਿੰਗ), ਅਸ਼ਲੀਲ ਤਸਵੀਰਾਂ/ਸੰਦੇਸ਼ ਭੇਜਣਾ,ਨਿਜੀ ਅੰਗ (ਪ੍ਰਾਇਵੇਟ ਪਾਰਟ) ਦਿਖਾਉਣਾ ਆਦਿ ਹਨ।
ਸਜ਼ਾ: 0 ਤੋਂ 3 ਸਾਲ ਦੀ ਕੈਦ ਅਤੇ/ਜਾਂ ਜੁਰਮਾਨਾ।

B. ਸੈਕਸੁਅਲ ਅਸਾਲਟ: ਇਸ ਵਿੱਚ ਉਹ ਅਪਰਾਧ ਆਉਂਦੇ ਹਨ ਜਿੱਥੇ ਟੱਚ ਕਰਨਾ ਸ਼ਾਮਲ ਹੁੰਦਾ ਹੈ, ਪਰ ਟੱਚ 'ਨਾਨ ਪੈਨੀਟ੍ਰੇਟਿਵ' ਹੁੰਦਾ ਹੈ, ਜਿਵੇਂ ਬੱਚੇ ਦੇ ਪ੍ਰਾਇਵੇਟ ਪਾਰਟ ਨੂੰ ਛੂਹਣ ਜਾਂ ਬੱਚੇ ਤੋਂ ਕਿਸੇ ਹੋਰ ਦੇ ਅੰਗਾਂ ਨਾਲ ਅਜਿਹਾ ਕਰਨਵਾਉਣਾ, ਆਦਿ।
ਸਜ਼ਾ: 3 ਤੋਂ 5 ਸਾਲ ਦੀ ਕੈਦ ਅਤੇ ਜੁਰਮਾਨਾ ਵੀ ਹੋ ਸਕਦਾ ਹੈ।

C. *ਐਗਰੀਵੇਟਡ ਸੈਕਸੁਅਲ ਅਸਾਲਟ (ਕੈਟਾਗਰੀ E ਤੋਂ ਬਾਅਦ ਵਾਲਾ ਜਾਣਕਾਰੀ ਬਾਕਸ ਵੇਖੋ)

D. ਪੈਨਟ੍ਰੇਟਿਵ ਸੈਕਸੁਅਲ ਅਸਾਲਟ: ਕਿਸੇ ਬੱਚੇ ਦੇ ਮੂੰਹ ਅਤੇ/ਜਾਂ ਕਮਰ ਦੇ ਹੇਠਾਂ ਵਿੱਚ ਕਿਸੇ ਵਸਤੂ ਜਾਂ ਸਰੀਰ ਦੇ ਕਿਸੇ ਅੰਗ ਨੂੰ ਦਾਖ਼ਲ ਕਰਨਾ।
ਸਜ਼ਾ:
**a.** 10 ਸਾਲ ਦੀ ਕੈਦ ਤੋਂ ਉਮਰ ਕੈਦ ਤਕ ਦੀ ਸਜ਼ਾ ਅਤੇ ਜੁਰਮਾਨਾ।
**b.** ਜੇ ਬੱਚਾ 16 ਸਾਲ ਤੋਂ ਘੱਟ ਹੈ, ਤਾਂ 20 ਸਾਲ ਦੀ ਜੇਲ੍ਹ ਤੇ ਉਮਰ ਕੈਦ ਤਕ ਸਜ਼ਾ ਅਤੇ ਜੁਰਮਾਨਾ।

**E.** *ਐਗਰੀਵੇਟਡ ਪੈਨੀਟ੍ਰੇਟਿਵ ਸੈਕਸੁਅਲ ਅਸਾਲਟ: (ਜਾਣਕਾਰੀ ਹੇਠਾਂ ਦਿੱਤੇ ਬਾਕਸ ਵਿੱਚ ਵੇਖੋ)

SAF Social Axiom Foundation

*ਐਗਰੀਵੇਟਡ ਅਸਾਲਟ
ਸੈਕਸੁਅਲ ਅਤੇ ਪੈਨੀਟ੍ਰੇਟਿਵ ਸੈਕਸੁਅਲ ਅਸਾਲਟ ਨੂੰ ਕ੍ਰਮਵਾਰ ਐਗਰੀਵੇਟਡ ਸੈਕਸੁਅਲ ਅਸਾਲਟ ਅਤੇ ਐਗਰੀਵੇਟਡ ਪੈਨੀਟ੍ਰੇਟਿਵ ਸੈਕਸੁਅਲ ਅਸਾਲਟ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ। ਇੱਕ ਹਮਲਾ ਵਧੇਰੇ ਰੂਪ ਵਿਚ ਗੰਭੀਰ ਹੋ ਜਾਂਦਾ ਹੈ ਜਦੋਂ ਕੋਈ ਵਿਅਕਤੀ ਜਿੰਮੇਵਾਰੀ ਅਤੇ ਵਿਸ਼ਵਾਸ ਦੀ ਸਥਿਤੀ ਵਿੱਚ ਕਿਸੇ ਬੱਚੇ ਨੂੰ ਸੈਕਸੁਅਲੀ ਅਸਾਲਟ ਕਰਦਾ ਹੈ। ਪਰਿਵਾਰਕ ਮੈਂਬਰ, ਪੁਲਿਸ ਕਰਮੀ, ਹਥਿਆਰਬੰਦ ਵਿਅਕਤੀ, ਪ੍ਰਬੰਧਕੀ ਜਾਂ ਸਿੱਖਿਆ ਸੰਸਥਾ/ਹਸਪਤਾਲ ਦਾ ਸਟਾਫ, ਆਦਿ, ਜਿੰਮੇਵਾਰੀ ਅਤੇ ਵਿਸ਼ਵਾਸ ਦੀ ਸਥਿਤੀ ਵਾਲੇ ਵਿਅਕਤੀਆਂ ਦੀ ਕੈਟਾਗਰੀ ਵਿੱਚ ਆਉਂਦੇ ਹਨ। ਸਮੂਹਿਕ ਬਲਾਤਕਾਰ ਜਿਸ ਕਾਰਨ ਬੱਚੇ ਦੀ ਮੌਤ ਹੋ ਜਾਣਾ, ਜਾਂ ਜੇ ਪੀੜਤ ਬੱਚੀ ਦੀ ਉਮਰ 12 ਸਾਲ ਤੋਂ ਘੱਟ ਹੈ, ਤਾਂ ਅਸਾਲਟ ਨੂੰ ਇੱਕ ਐਗਰੀਵੇਟਡ ਅਸਾਲਟ ਮੰਨਿਆ ਜਾਵੇਗਾ।
ਸਜ਼ਾਵਾਂ :
ਐਗਰੀਵੇਟਡ ਸੈਕਸੁਅਲ ਅਸਾਲਟ ਲਈ, 5 ਤੋਂ 7 ਸਾਲ ਦੀ ਕੈਦ ਅਤੇ ਜੁਰਮਾਨਾ.
ਐਗਰੀਵੇਟਡ ਪੈਨੀਟ੍ਰੇਟਿਵ ਸੈਕਸੁਅਲ ਅਸਾਲਟ ਲਈ, 20 ਸਾਲ ਦੀ ਸਖਤ ਜੇਲ੍ਹ, ਉਮਰ ਕੈਦ ਅਤੇ ਜੁਰਮਾਨਾ ਜਾਂ ਮੌਤ ਦੀ ਸਜ਼ਾ।

POCSO (ਪੋਕਸੋ) ਐਕਟ ਨੂੰ 2019 ਵਿੱਚ ਸੋਧਿਆ ਗਿਆ ਸੀ। ਸੋਧ ਵਿੱਚ ਪੀੜਤ ਬੱਚੇ ਦੀ ਉਮਰ ਦੇ ਹਿਸਾਬ ਨਾਲ ਵਰਗੀਕਰਨ, ਜ਼ਿਆਦਾ ਸਜ਼ਾਵਾਂ, ਮੌਤ ਦੀ ਸਜ਼ਾ, ਆਦਿ ਸ਼ਾਮਲ ਕੀਤੇ ਗਏ ਸਨ।

F. ਪੋਰਨੋਗ੍ਰਾਫਿਕ ਉਦੇਸ਼ਾਂ ਲਈ ਬੱਚਿਆਂ ਦੀ ਵਰਤੋਂ: ਪੋਰਨੋਗ੍ਰਾਫਿਕ ਸਮੱਗਰੀ ਦੀ ਤਿਆਰੀ, ਉਤਪਾਦਨ, ਪ੍ਰਸਾਰਣ, ਪ੍ਰਕਾਸ਼ਨ, ਸੁਵਿਧਾ ਅਤੇ ਵੰਡ ਲਈ ਕਿਸੇ ਵੀ ਮਾਧਿਅਮ ਜਿਵੇਂ ਪ੍ਰਿੰਟ, ਇਲੈਕਟ੍ਰੌਨਿਕ, ਕੰਪਿਊਟਰ, ਟੈਲੀਵਿਜ਼ਨ ਚੈਨਲਾਂ, ਇੰਟਰਨੈਟ ਜਾਂ ਕਿਸੇ ਹੋਰ ਟੈਕਨੋਲੋਜੀ ਰਾਹੀਂ ਬੱਚੇ ਨੂੰ ਸ਼ਾਮਲ ਕਰਨਾ।
ਸਜ਼ਾ: 3 ਤੋਂ 5 ਸਾਲ ਦੀ ਜੇਲ ਅਤੇ ਜੁਰਮਾਨੇ ਲਈ ਜਿਮੇਵਾਰ ਹੋਵੇਗਾ। ਦੁਹਰਾਏ ਜਾਣ ਵਾਲੇ ਅਪਰਾਧੀਆਂ ਲਈ, ਜੇਲ੍ਹ ਲੰਬੇ ਸਮੇਂ ਲਈ ਰਹੇਗੀ।

ਬੱਚਿਆਂ ਦੀ ਪੋਰਨੋਗ੍ਰਾਫਿਕ ਸਮੱਗਰੀ ਨੂੰ ਪ੍ਰਿੰਟ, ਇਲੈਕਟ੍ਰੌਨਿਕ, ਡਿਜੀਟਲ ਆਦਿ ਕਿਸੇ ਵੀ ਰੂਪ ਵਿੱਚ ਸਟੋਰ ਕਰਨਾ ਐਕਟ ਦੇ ਅਧੀਨ ਸਜ਼ਾਯੋਗ ਹੈ। ਇਸ ਵਿਚ ਸਜ਼ਾ ਕਾਰਕਾਂ ਦੇ ਆਧਾਰ ਤੇ 0 ਤੋਂ 7 ਸਾਲ ਦੀ ਕੈਦ ਹੋ ਸਕਦੀ ਹੈ, ਜਿਵੇਂ ਕਿ ਵਿਅਕਤੀ ਨੇ ਅਪਰਾਧ ਨੂੰ ਦੁਹਰਾਇਆ ਹੈ, ਵਪਾਰਕ ਉਦੇਸ਼ਾਂ ਲਈ ਅਸ਼ਲੀਲ ਸਮੱਗਰੀ ਦੀ ਵਰਤੋਂ ਕੀਤੀ ਹੈ, ਆਦਿ।

G. ਅਬੈਟਮੈਂਟ: ਇਸਦਾ ਅਰਥ ਹੈ ਕਿ POCSO (ਪੋਕਸੋ) ਕਾਨੂੰਨ ਦੇ ਅੰਦਰ, ਅਪਰਾਧ ਕਰਨ ਵਿੱਚ ਮਦਦ ਕਰਨ ਵਾਲਾ ਵੀ ਅਪਰਾਧ ਕਰਨ ਵਾਲੇ ਵਿਅਕਤੀ ਦੇ ਬਰਾਬਰ ਸਜਾ ਦਾ ਹੱਕਦਾਰ ਹੈ।

**ਸਬੂਤਾਂ ਅਤੇ ਕਰਾਇਮ ਸੀਨ (ਅਪਰਾਧ ਦੀ ਜਗਾਹ) ਦੀ ਸੁਰੱਖਿਆ :**

ਕਿਸੇ ਅਪਰਾਧ ਦੇ ਸਬੂਤਾਂ ਨੂੰ ਸੁਰੱਖਿਅਤ ਰੱਖਣਾ ਜ਼ਰੂਰੀ ਹੈ। ਸਕੂਲ ਅਧਿਕਾਰੀਆਂ ਨੂੰ ਉਸ ਖੇਤਰ ਨੂੰ ਘੇਰਨ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ ਜਿੱਥੇ ਦੁਰਵਿਹਾਰ ਹੋਇਆ ਹੈ ਅਤੇ ਪੁਲਿਸ ਨੂੰ ਸੂਚੇਤ ਕਰਨਾ ਚਾਹੀਦਾ ਹੈ। ਸਬੂਤ ਮਿਟਾਉਣਾ ਆਪਣੇ ਆਪ ਵਿੱਚ ਇੱਕ ਅਪਰਾਧ ਹੈ।

**ਬੱਚੇ ਦੀ ਪਛਾਣ ਦੀ ਰੱਖਿਆ ਕਰਨਾ :**

ਪੀੜਤ ਬੱਚੇ ਦੀ ਗੋਪਨੀਯਤਾ (ਪਰਾਇਵੇਸੀ) ਨੂੰ ਸਖਤੀ ਨਾਲ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ। ਇੱਕ ਬੱਚੇ ਦੀ ਪਛਾਣ ਵਿੱਚ ਉਸਦਾ ਨਾਮ, ਪਤਾ, ਫੋਟੋਗ੍ਰਾਫ, ਪਰਿਵਾਰਕ ਵੇਰਵੇ, ਸਕੂਲ, ਗੁਆਂਢ, ਆਦਿ ਸ਼ਾਮਲ ਹੁੰਦੇ ਹਨ। ਸਕੂਲ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੱਚੇ ਦੀ ਪਛਾਣ ਮੀਡੀਆ ਤੋਂ ਸੁਰੱਖਿਅਤ ਰਹੇ। ਕੋਈ ਵੀ ਵਿਅਕਤੀ ਜੋ ਸਪੈਸ਼ਲ ਕੋਰਟ ਪਰਮੀਸ਼ਨ ਤੋਂ ਬਿਨਾਂ ਬੱਚੇ ਦੀ ਪਛਾਣ ਦਾ ਖੁਲਾਸਾ ਕਰਦਾ ਹੈ, ਨੂੰ 6 ਮਹੀਨੇ ਤੋਂ 1 ਸਾਲ ਦੀ ਜੇਲ ਅਤੇ/ਜਾਂ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ।

**POCSO (ਪੋਕਸੋ) ਦੇ ਅਧੀਨ ਝੂਠੀਆਂ ਸ਼ਿਕਾਇਤਾਂ :**

ਕੋਈ ਵੀ ਵਿਅਕਤੀ, ਜੋ ਝੂਠੀ ਸ਼ਕਾਇਤ ਕਰਦਾ ਹੈ ਜਾਂ ਕਿਸੇ ਵੀ ਵਿਅਕਤੀ ਦੇ ਵਿਰੁੱਧ ਗ਼ਲਤ ਜਾਣਕਾਰੀ ਦਿੰਦਾ ਹੈਂ, ਨੂੰ 6 ਮਹੀਨਿਆਂ ਤੱਕ ਦੀ ਸਜ਼ਾ ਅਤੇ/ਜਾਂ ਜੁਰਮਾਨਾ ਦੇਣਾ ਪੈ ਸਕਦਾ ਹੈ। ਇੱਕ ਬੱਚਾ, ਜੋ ਅਪਰਾਧ ਦੀ ਰਿਪੋਰਟ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਇੱਕ ਝੂਠੀ ਸ਼ਿਕਾਇਤ ਕਰਦਾ ਹੈ, ਜਾਂ ਅਪਰਾਧ ਬਾਰੇ ਗ਼ਲਤ ਜਾਣਕਾਰੀ ਦਿੰਦਾ ਹੈ, ਨੂੰ ਇਸ ਐਕਟ ਦੇ ਅਧੀਨ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

## 8. POCSO (ਪੋਕਸੋ) ਈ-ਬਾਕਸ

NCPCR, MW&CD ਦੇ ਨਾਲ, ਭਾਰਤ ਦੀ ਸਰਕਾਰ ਨੇ ਇੱਕ ਆਨਲਾਈਨ POCSO (ਪੋਕਸੋ) ਈ-ਬਾਕਸ ਨਾਮਕ ਸ਼ਿਕਾਇਤ ਬਾਕਸ ਬਣਾਇਆ ਹੈ। ਇਹ ਈ-ਬਾਕਸ www.ncpcr.gov.in ਤੇ ਉਪਲਬਧ ਹੈ। ਕੋਈ ਵੀ ਵਿਅਕਤੀ ਸੈਕਸ ਐਬਿਊਜ਼ ਦੀ ਰਿਪੋਰਟ ਕਰਨ ਲਈ ਈ-ਬਾਕਸ ਦੀ ਵਰਤੋਂ ਕਰ ਸਕਦਾ ਹੈ ਜਿਸ ਵਿੱਚ ਬੱਚਾ ਵੀ ਸ਼ਾਮਲ ਹੈ। ਸ਼ਿਕਾਇਤ ਕਰਨ ਲਈ ਟੋਲ-ਫ੍ਰੀ ਪੋਕਸ ਈ-ਬਾਕਸ ਹੈਲਪਲਾਈਨ ਨੰਬਰਾਂ: 9868235077 ਜਾਂ 1800115455 ਜਾਂ ਚਾਈਲਡਲਾਈਨ ਹੈਲਪਲਾਈਨ ਨੰਬਰ 1098 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।



SAF Social Axiom Foundation




ਪੋਕਸੋ ਈ-ਬਾਕਸ

**POCSO E-BOX**

## 9. ਨੈਸ਼ਨਲ ਸੈਕਸ ਔਫੈਂਡਰ ਰਜਿਸਟਰੀ – NDSO

ਸੈਕਸੁਅਲ ਔਫੈਂਡਰਜ਼ ਦਾ ਰਾਸ਼ਟਰੀ ਡੇਟਾਬੇਸ ਭਾਰਤ ਭਰ ਦੇ ਜਿਨਸੀ ਅਪਰਾਧੀਆਂ ਦਾ ਇੱਕ ਨੈਸ਼ਨਲ ਰਜਿਸਟਰ ਹੈ। ਇਸ ਵਿੱਚ 2005 ਤੋਂ ਬਾਅਦ ਦੋਸ਼ੀ ਠਹਿਰਾਏ ਗਏ ਸੈਕਸ ਔਫੈਂਡਰਜ਼ ਦੇ ਪੂਰੇ ਵੇਰਵੇ ਸ਼ਾਮਲ ਹਨ ਤਾਂ ਜੋ ਉਨ੍ਹਾਂ ਨੂੰ ਟਰੈਕ ਕੀਤਾ ਜਾ ਸਕੇ ਅਤੇ ਉਨ੍ਹਾਂ ਦੀ ਨਿਗਰਾਨੀ ਕੀਤੀ ਜਾ ਸਕੇ। NDSO 2018 ਵਿੱਚ ਸਰਗਰਮ ਹੋਇਆ ਹੈ ਅਤੇ ਇਸ ਵਿੱਚ 4 ਲੱਖ ਤੋਂ ਵੱਧ ਦੋਸ਼ੀਆਂ ਦਾ ਵੇਰਵਾ ਹੈ। ਡੇਟਾਬੇਸ ਸਿਰਫ ਲਾਅ ਐਨਫੋਰਸਮੈਂਟ ਏਜੰਸੀਆਂ ਲਈ ਪਹੁੰਚਯੋਗ ਹੈ ਨਾ ਕਿ ਜਨਤਾ ਲਈ। ਪੁਲਿਸ ਇਸ ਡੇਟਾ ਦੀ ਵਰਤੋਂ ਸਕੂਲਾਂ ਸਮੇਤ ਵੱਖ – ਵੱਖ ਸੰਸਥਾਵਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਤਸਦੀਕ ਲਈ ਕਰਦੀ ਹੈ।

## 10. ਨੈਸ਼ਨਲ ਲੀਗਲ ਸਰਵਿਸ ਅਥਾਰਟੀ – NALSA

ਨੈਸ਼ਨਲ ਲੀਗਲ ਸਰਵਿਸ ਅਥਾਰਟੀ – NALSA(www.nalsa.gov.in) ਲੀਗਲ ਸਰਵਿਸ ਅਥਾਰਟੀਜ਼ ਐਕਟ 1987 ਦੇ ਤਹਿਤ ਬਣਾਇਆ ਗਿਆ ਹੈ।

ਐਕਟ ਦੇ ਤਹਿਤ, ਮਨੁੱਖੀ ਤਸਕਰੀ, POCSO (ਪੋਕਸੋ) ਪੀੜਤਾਂ, ਸ਼ਡਿਊਲਡ ਕਾਸਟ ਜਾਂ ਸ਼ਡਿਊਲਡ ਟਰਾਇਬਜ਼ ਦੇ ਮੈਂਬਰ, ਔਰਤਾਂ, ਬੱਚੇ, ਗਰੀਬ ਲੋਕ, ਆਦਿ ਨੂੰ ਮੁਫਤ ਕਾਨੂੰਨੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਕਾਨੂੰਨੀ ਸੇਵਾਵਾਂ ਅਥਾਰਟੀਆਂ POCSO (ਪੋਕਸੋ) ਪੀੜਤਾਂ ਨੂੰ ਮੁਆਵਜ਼ਾ ਵੀ ਪ੍ਰਦਾਨ ਕਰਦੀਆਂ ਹਨ।

ਭਾਰਤ ਦੇ ਚੀਫ ਜਸਟਿਸ NALSA ਦੇ ਮੁਖੀ ਹਨ। ਹਰ ਰਾਜ੍ਯ ਵਿੱਚ, ਸਟੇਟ ਲੀਗਲ ਸਰਵਿਸ ਅਥਾਰਟੀ – SLSA ਦਾ ਗਠਨ ਕੀਤਾ ਗਿਆ ਹੈ। SLSA ਦਾ ਮੁਖੀ ਸਬੰਧਤ ਹਾਈ ਕੋਰਟ ਦਾ ਜੱਜ ਹੁੰਦਾ ਹੈ।ਹਰੇਕ ਜਿਲ੍ਹੇ ਵਿੱਚ, ਡਿਸਟਰਿਕਟ ਲੀਗਲ ਸਰਵਿਸ ਅਥਾਰਟੀ –DLSA ਨੂੰ ਬਣਾਇਆ ਗਿਆ ਹੈ।ਇਹ ਡਿਸਟਰਿਕਟ ਕੋਰਟ ਕੰਪਲੈਕਸ ਵਿੱਚ ਸਥਿਤ ਹਨ ਅਤੇ ਡਿਸਟਰਿਕਟ ਜੱਜ ਦੀ ਅਗਵਾਈ ਵਿੱਚ ਹਨ। ਤਲੁਕਾ ਲੀਗਲ ਸਰਵਿਸ ਕਮੇਟੀਆਂ ਵੀ ਤਲੁਕਾ ਪੱਧਰ ਤੇ ਬਣਾਈਆਂ ਜਾਂਦੀਆਂ ਹਨ। ਅਧਿਕਾਰੀ ਵਿਵਾਦਾਂ ਦੇ ਸੁਖਾਵੇਂ ਨਿਪਟਾਰੇ ਲਈ ਸਮੇਂ ਸਮੇਂ ਤੇ ਲੋਕ ਅਦਾਲਤਾਂ ਦਾ ਵੀ ਆਯੋਜਨ ਕਰਦੇ ਹਨ।

## 11. CACA (ਕਾਕਾ) ਦੀ ਸੇਫਟੀ ਵਰਬੁੱਕਸ ਵਿੱਚ ਸ਼ਾਮਲ ਸਰਕਾਰੀ ਲੋਗੋਜ਼/ਪਾਲਸੀਆਂ/ਸਕੀਮਜ਼

Swachh Bharat

न्याय सब के लिए — ACCESS TO JUSTICE FOR ALL

CHILD LINE 1098 NIGHT & DAY

RIGHT TO INFORMATION

NCPCR NATIONAL COMMISSION FOR PROTECTION OF CHILD RIGHTS

NDRF · INDIA Saving Lives & Beyond...

भारत निर्वाचन आयोग ELECTION COMMISSION OF INDIA

SAMAGRA SHIKSHA ABHIYAN

NATIONAL INSTITUTE OF MENTAL HEALTH & NEURO SCIENCES

my GOV Pledge

Eat Right India सही भोजन. बेहतर जीवन.

Eat Right SCHOOL

प्रधानमंत्री भारतीय जन औषधि परियोजना

fssai

ISI

+F FORTIFIED SAMPOORNA POSHAN SWASTH JEEVAN

भारत सरकार GOVERNMENT OF INDIA AGMARK

अतुल्य ! भारत Incredible !ndia

JAGO GRAHAK JAGO

nbt.india एकः सूते सकलम्

CHILDREN'S FILM SOCIETY INDIA Promoting Every Child's Right to Entertainment

International Day of Yoga 21 June Yoga for Harmony & Peace

ISRO

NCC

**REPORT**

**Child labour** - https://pencil.gov.in/Complaints/add

**Child sexual abuse - CSA** - POCSO E - Box https://ncpcr.gov.in/user_complaints.php **Or** call toll free POCSO Helplines 1800115455, 9868235077, Child Helplines 1098

**Food adulteration** - SMS/ WhatsApp at - 9868686868

**National Cyber Crime Reporting** - https://cybercrime.gov.in/

**TRACK**

A missing Child https://trackthemissingchild.gov.in/trackchild/index.php

**ADOPT**

A Child - http://cara.nic.in/

**HELP-LINES**

**The National Disaster Response Force** (NDRF) - 9711077372

**Railway Police** - 1052

**Trangender certification by Ministry of Justice and Empowerment, Govt. of India** - http://transgender.dosje.gov.in/

**NIMHANS for psychosocial support and mental health services to survivors during disasters** - 080–46110007

**NALSA (Free Legal Aid)** - 15100

**National common emergency number** - 112

Drug de-addiction, Ministry of Social Justice and Empowerment Govt. of India 1800-11-0031

ਚਿਲਡਰਨ ਅਗੇਂਸਟ ਚਾਇਲਡ ਅਬਿਊਜ਼

# ਪ੍ਰੋਜੈਕਟ CACA (ਕਾਕਾ)

edusynergies

ਸਕੂਲ ਦੀ ਸੇਫਟੀ ਪਾਲਿਸੀ ਦੇ ਅਧੀਨ
ਬੱਚਿਆਂ ਲਈ ਇੱਕ ਸੇਫਟੀ ਪ੍ਰੋਗਰਾਮ

## CACA ਸੇਫਟੀ ਵਰਕਬੁੱਕਸ (ਕਿੰਡਰਗਾਰਡਨ ਤੋਂ 9ਵੀਂ ਕਲਾਸ ਤੱਕ)

### ਵਰਕਬੁੱਕਸ ਸਰਿਲੇਖ

- ਮਾਈ ਬਿਗਨਰਜ਼ ਸੇਫਟੀ ਵਰਕਬੁੱਕ
- ਮਾਈ ਫਸਟ ਸੇਫਟੀ ਵਰਕਬੁੱਕ
- ਮਾਈ ਸੈਕੰਡ ਸੇਫਟੀ ਵਰਕਬੁੱਕ
- ਮਾਈ ਥਰਡ ਸੇਫਟੀ ਵਰਕਬੁੱਕ
- ਮਾਈ ਫੋਰਥ ਸੇਫਟੀ ਵਰਕਬੁੱਕ
- ਮਾਈ ਫਿਫਥ ਸੇਫਟੀ ਵਰਕਬੁੱਕ
- ਮਾਈ ਸਿਕਸਥ ਸੇਫਟੀ ਵਰਕਬੁੱਕ
- ਮਾਈ ਸੈਵਨਥ ਸੇਫਟੀ ਵਰਕਬੁੱਕ
- ਮਾਈ ਏਟਥ ਸੇਫਟੀ ਵਰਕਬੁੱਕ
- ਮਾਈ ਨਾਈਨਥ ਸੇਫਟੀ ਵਰਕਬੁੱਕ

PUN

**Project CACA**
**Address:** EW - 3, Second Floor, Mianwali Nagar, Paschim Vihar, Delhi-110087
**Contact No:-** 011-40074904, 092054 88402, 092054 88405
**E mail:** info@projectcaca.org
**Website:** www.projectcaca.org
@projectcaca | @projectcaca

***End the Stigma, Raise Awareness***

***RED-PUN-01***